# ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ. 7

ਸੋਮਵਾਰ, 02 ਮਾਰਚ, 2020
(02.00 ਵਜੇ ਬਾਅਦ ਦੁਪਹਿਰ ਤੋਂ 6.30 ਵਜੇ ਸ਼ਾਮ ਤੱਕ)

1. ਪ੍ਰਸ਼ਨ

(ੳ) ਨਿਸ਼ਾਨ ਵਾਲੇ ਪ੍ਰਸ਼ਨ

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 15 | 04 | - | 01 | 26 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 07

2. ਵਾਕ ਆਊਟ

ਸਰਦਾਰ ਜਗਦੇਵ ਸਿੰਘ; ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਸਰਦਾਰ ਪਿਰਮਲ ਸਿੰਘ ਧੌਲਾ, ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਅਮਰਜੀਤ ਸਿੰਘ ਸੰਦੋਆ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਦੁਆਰਾ ਬਾਲਮੀਕੀ ਭਾਈਚਾਰੇ ਪ੍ਰਤੀ ਮਾੜੇ ਸ਼ਬਦ ਬੋਲਣ ਦੇ ਵਿਰੋਧ ਵਿੱਚ ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।

3. ਮੰਤਰੀ ਵਲੋਂ ਸਪਸ਼ਟੀਕਰਣ

ਜ਼ੀਰੋ ਆਵਰ ਦੌਰਾਨ ਵਿਰੋਧੀ ਧਿਰ ਦੇ ਨੇਤਾ ਵਲੋਂ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਦੁਆਰਾ ਬਾਲਮੀਕੀ ਭਾਈਚਾਰੇ ਪ੍ਰਤੀ ਮਾੜੇ ਸ਼ਬਦ ਬੋਲਣ ਦੇ ਦੋਸ਼ ਲਗਾਉਣ ਤੇ ਸ਼੍ਰੀ ਭਾਰਤ ਭੂਸ਼ਣ ਆਸ਼ੂ, ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਵਲੋਂ ਸਦਨ ਵਿੱਚ ਸਪਸ਼ਟੀਕਰਣ ਦਿੱਤਾ ਗਿਆ।

4. ਮਾਨਯੋਗ ਸਪੀਕਰ ਦੁਆਰਾ ਪ੍ਰੇਖਣ

"ਮੇਰੇ ਧਿਆਨ ਵਿੱਚ ਸੰਸਦੀ ਰਾਜ ਮੰਤਰੀ ਪੰਜਾਬ ਨੇ ਲਿਆਂਦਾ ਹੈ ਕਿ ਸਦਨ ਵਿੱਚ ਜਦੋਂ ਧਿਆਨ ਦਿਵਾਊ ਮਤੇ ਅਤੇ ਪ੍ਰਸ਼ਨ ਪੇਸ਼ ਕੀਤੇ ਜਾਂਦੇ ਹਨ ਤਾਂ ਸਬੰਧਤ ਮੈਂਬਰ ਜਾਂ ਤਾਂ ਸਦਨ ਵਿੱਚ ਹਾਜ਼ਰ ਨਹੀਂ ਹੁੰਦੇ ਜਾਂ ਸਦਨ ਤੋਂ ਉਠ ਕੇ ਚਲੇ ਜਾਂਦੇ ਹਨ ਜੋ ਕਿ ਇੱਕ ਚੰਗੀ ਪ੍ਰਥਾ ਨਹੀਂ ਹੈ। ਕਿਉਂਕਿ ਧਿਆਨ ਦਿਵਾਊ ਮਤਿਆਂ ਅਤੇ ਪ੍ਰਸ਼ਨਾਂ ਦਾ ਸਬੰਧ ਲੋਕਾਂ ਨਾਲ ਜੁੜੇ ਮੁੱਦਿਆਂ ਨਾਲ ਹੁੰਦਾ ਹੈ ਅਤੇ ਇਨ੍ਹਾਂ ਦੀ ਅਹਿਮੀਅਤ ਨੂੰ ਦੇਖਦੇ ਹੋਏ ਸਾਰਾ ਸਰਕਾਰੀ ਅਮਲਾ ਇਨ੍ਹਾਂ ਦਾ ਜਵਾਬ ਸਦਨ ਵਿੱਚ ਦੇਣ ਲਈ ਦਿਨ ਰਾਤ ਇੱਕ ਕਰ ਦਿੰਦਾ ਹੈ। ਇਸ ਲਈ ਮੇਰੀ ਸਦਨ ਨੂੰ, ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਗੁਜ਼ਾਰਿਸ਼ ਹੈ ਕਿ ਜਦੋਂ ਵੀ ਧਿਆਨ ਦਿਵਾਊ ਮਤੇ ਜਾਂ ਪ੍ਰਸ਼ਨ ਜੋ ਕਿ ਲੋਕਤੰਤਰੀ ਪ੍ਰਣਾਲੀ ਵਿੱਚ ਲੋਕਾਂ ਦੇ ਮੁੱਦਿਆਂ ਨੂੰ ਉਠਾਉਣ ਦਾ ਅਹਿਮ ਜ਼ਰੀਆ ਹੈ ਸਦਨ ਵਿੱਚ ਟੇਕਅੱਪ ਹੋਣ ਤਾਂ ਸਬੰਧਤ ਮੈਂਬਰ ਸਦਨ ਵਿੱਚ ਹਾਜ਼ਰ ਹੋਣਾ ਯਕੀਨੀ ਬਣਾਉਣ ਤਾਂ ਜੋ ਸਦਨ ਅਤੇ ਸਦਨ ਦੇ ਮੈਂਬਰਾਂ ਦੀ ਭੂਮੀਕਾ ਦੀ ਅਹਿਮੀਅਤ ਨੂੰ ਠੇਸ ਨਾ ਪਹੁੰਚੇ।"

5. ਧਿਆਨ ਦਿਵਾਊ ਨੋਟਿਸ

1. ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਐਮ.ਐਲ.ਏ. ਵਲੋਂ ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਪੋਸਟ ਮੈਟ੍ਰਿਕ ਸਕਾਲਰਸ਼ਿਪਾਂ ਦੇ ਲੰਮੇ ਸਮੇਂ ਤੋਂ ਪਏ ਬਕਾਇਆਂ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 45)

ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਦੇ ਮੰਤਰੀ ਨੇ ਜਵਾਬ ਦਿੱਤਾ।

2. ਧਿਆਨ ਦਿਵਾਊ ਨੋਟਿਸ ਨੰ. 51 ਪੇਸ਼ ਨਹੀਂ ਕੀਤਾ ਗਿਆ।

3. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ. ਵਲੋਂ ਖਾਦ ਪਦਾਰਥਾਂ ਜਿਵੇਂ ਕਿ ਦੁੱਧ, ਦਹੀਂ, ਪਨੀਰ ਆਦਿ ਵਿੱਚ ਕੈਮੀਕਲਾਂ ਦੀ ਹੁੰਦੀ ਮਿਲਾਵਟ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 52)

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਨੇ ਜਵਾਬ ਦਿੱਤਾ।

6. ਸਕੱਤਰ ਵਲੋਂ ਪੰਜਾਬ ਵਿਧਾਨ ਸਭਾ (ਦਲ ਬਦਲੀ ਦੇ ਆਧਾਰ ਤੇ ਮੈਂਬਰਾਂ ਦੀ ਆਯੋਗਤਾ) ਨਿਯਮ, 2020 ਮੇਜ਼ ਤੇ ਰੱਖਣਾ

ਸਕੱਤਰ ਦੁਆਰਾ ਪੰਜਾਬ ਵਿਧਾਨ ਸਭਾ (ਦਲ ਬਦਲੀ ਦੇ ਆਧਾਰ ਤੇ ਮੈਂਬਰਾਂ ਦੀ ਆਯੋਗਤਾ) ਨਿਯਮ, 2020 ਜੋ ਕਿ ਭਾਰਤ ਦੇ ਸੰਵਿਧਾਨ ਦੀ ਦਸਵੀਂ ਅਨੁਸੂਚੀ ਦੇ ਪੈਰ੍ਹਾ 8 ਦੁਆਰਾ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸਪੀਕਰ, ਪੰਜਾਬ ਵਿਧਾਨ ਸਭਾ ਦੁਆਰਾ ਫਰੇਮ ਕੀਤੇ ਗਏ ਹਨ, ਸਦਨ ਦੀ ਮੇਜ਼ ਤੇ ਰੱਖੇ ਗਏ ਜਿਵੇਂ ਕਿ ਪੈਰ੍ਹਾ 8 ਦੇ ਉਪ-ਪੈਰ੍ਹਾ (2) ਅਧੀਨ ਲੋੜੀਂਦਾ ਹੈ।

7. <u>ਮੇਜ਼ ਉੱਤੇ ਮੁੜ ਰੱਖੇ ਜਾਣ ਵਾਲੇ/ਰੱਖੇ ਜਾਣ ਵਾਲੇ ਕਾਗਜ਼ ਪੱਤਰ</u>

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: IV ਅਧੀਨ ਦਰਸਾਏ ਗਏ ਲੜੀ ਨੰ. 1 ਤੋਂ 7 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

8. <u>ਰਿਪੋਰਟਾਂ ਪੇਸ਼ ਕਰਨਾ</u>

1. ਪੰਜਾਬੀਆਂ ਵਲੋਂ ਆਜ਼ਾਦੀ ਸੰਘਰਸ਼ ਲਈ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਦਿੱਤੀਆਂ ਕੁਰਬਾਨੀਆਂ ਅਤੇ ਹੋਰ ਤੱਥਾਂ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ) ਨੇ ਪੰਜਾਬੀਆਂ ਵਲੋਂ ਆਜ਼ਾਦੀ ਸੰਘਰਸ਼ ਲਈ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਦਿੱਤੀਆਂ ਕੁਰਬਾਨੀਆਂ ਅਤੇ ਹੋਰ ਤੱਥਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕੀਤੀ।

ਰਿਪੋਰਟ ਪੇਸ਼ ਕਰਦੇ ਹੋਏ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਸਭਾਪਤੀ 11 ਮਿੰਟ ਲਈ ਬੋਲੇ।

2. ਲੋਕ ਲੇਖਾ ਕਮੇਟੀ ਦੇ ਸਭਾਪਤੀ (ਸਰਦਾਰ ਕੁਲਤਾਰ ਸਿੰਘ ਸੰਧਵਾਂ) ਨੇ ਨਿਮਨਲਿਖਤ ਰਿਪੋਰਟਾਂ ਪੇਸ਼ ਕੀਤੀਆਂ:

i) ਸਾਲਾਂ 2012-13 ਅਤੇ 2013-14 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 209ਵੀਂ ਰਿਪੋਰਟ ਅਤੇ ਸਾਲਾਂ 2012-13 ਅਤੇ 2013-14 ਲਈ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਨਾਲ ਸਬੰਧਤ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ); ਅਤੇ

ii) ਸਾਲ 2019-20 ਦੇ ਦੌਰਾਨ ਲੋਕ ਲੇਖਾ ਕਮੇਟੀ ਦੁਆਰਾ ਕੀਤੇ ਗਏ ਕੰਮ ਉੱਤੇ, ਸੀ.ਏ.ਜੀ ਦੀਆਂ ਰਿਪੋਰਟਾਂ (ਸਿਵਲ ਅਤੇ ਮਾਲੀਆ ਪ੍ਰਾਪਤੀਆਂ) ਵਿੱਚ ਦਰਜ਼ ਆਡਿਟ ਪੈਰ੍ਹਿਆਂ ਤੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਉੱਤਰਾਂ ਤੇ ਇੱਕ ਸੰਖੇਪ।

ਰਿਪੋਰਟ ਪੇਸ਼ ਕਰਦੇ ਹੋਏ ਸਰਦਾਰ ਕੁਲਤਾਰ ਸਿੰਘ ਸੰਧਵਾਂ, ਸਭਾਪਤੀ, ਲੋਕ ਲੇਖਾ ਕਮੇਟੀ 04 ਮਿੰਟ ਲਈ ਬੋਲੇ।

9. <u>ਸਰਕਾਰੀ ਮਤਾ</u>

ਸਰਦਾਰ ਚਰਨਜੀਤ ਸਿੰਘ ਚੰਨੀ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਵੱਲੋਂ ਹੇਠ ਲਿਖਿਆ ਮਤਾ ਸਦਨ ਵਿਚ ਪੇਸ਼ ਕੀਤਾ ਗਿਆ, ਮਤਾ ਪੇਸ਼ ਕਰਦੇ ਹੋਏ ਉਹ 20 ਮਿੰਟ ਲਈ ਬੋਲੇ:

"ਇਹ ਸਦਨ ਪੰਜਾਬ ਦੀ ਮਾਤ-ਭਾਸ਼ਾ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਰਾਜ ਸਰਕਾਰ ਵਲੋਂ ਚੁੱਕੇ ਹਰ ਸਾਰਥਕ ਕਦਮ ਦਾ ਸਵਾਗਤ ਕਰਦਾ ਹੈ ਅਤੇ ਲੋਕ ਮਹੱਤਤਾ ਦੀ ਹਰ ਜਗ੍ਹਾ ਤੇ ਜਾਣਕਾਰੀ ਲਈ ਲਿਖੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਨੂੰ ਪਹਿਲਾ ਸਥਾਨ ਦੇਣ ਲਈ ਜਾਰੀ ਕੀਤੀ ਅਧਿਸੂਚਨਾ ਲਈ ਰਾਜ ਸਰਕਾਰ ਦੀ ਸ਼ਲਾਘਾ ਕਰਦਾ ਹੈ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਕਿਸੇ ਵੀ ਵਿਅਕਤੀ ਜਾਂ ਅਦਾਰੇ ਵਲੋਂ ਪੰਜਾਬੀ ਭਾਸ਼ਾ ਦੇ ਪਸਾਰ ਵਿਰੁੱਧ ਕੀਤੇ ਜਾਣ ਵਾਲੇ ਕਿਸੇ ਤਰ੍ਹਾਂ ਦੇ ਕੰਮਾਂ ਜਾਂ ਕਦਮਾਂ ਨੂੰ ਰੋਕਣ ਲਈ ਲੋੜੀਂਦੇ ਕਾਨੂੰਨ ਸਮੇਤ ਯੋਗ ਪ੍ਰਬੰਧ ਕਰੇ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਰਾਜ ਦੇ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਦਸਵੀਂ ਜਮਾਤ ਤਕ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਉਣ ਲਈ ਜ਼ਰੂਰੀ ਕਦਮ ਚੁੱਕੇ।"

ਸਰਦਾਰ ਚਰਨਜੀਤ ਸਿੰਘ ਚੰਨੀ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਮਤਾ ਸਦਨ ਵੱਲੋਂ ਸੋਧੇ ਅਨੁਸਾਰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਕਿ:-

"ਇਹ ਸਦਨ ਪੰਜਾਬ ਦੀ ਮਾਤ-ਭਾਸ਼ਾ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਰਾਜ ਸਰਕਾਰ ਵਲੋਂ ਚੁੱਕੇ ਹਰ ਸਾਰਥਕ ਕਦਮ ਦਾ ਸਵਾਗਤ ਕਰਦਾ ਹੈ ਅਤੇ ਲੋਕ ਮਹੱਤਤਾ ਦੀ ਹਰ ਜਗ੍ਹਾ ਤੇ ਜਾਣਕਾਰੀ ਲਈ ਲਿਖੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਨੂੰ ਪਹਿਲਾ ਸਥਾਨ ਦੇਣ ਲਈ ਜਾਰੀ ਕੀਤੀ ਅਧਿਸੂਚਨਾ ਲਈ ਰਾਜ ਸਰਕਾਰ ਦੀ ਸ਼ਲਾਘਾ ਕਰਦਾ ਹੈ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਕਿਸੇ ਵੀ ਵਿਅਕਤੀ ਜਾਂ ਅਦਾਰੇ ਵਲੋਂ ਪੰਜਾਬੀ ਭਾਸ਼ਾ ਦੇ ਪਸਾਰ ਵਿਰੁੱਧ ਕੀਤੇ ਜਾਣ ਵਾਲੇ ਕਿਸੇ ਤਰ੍ਹਾਂ ਦੇ ਕੰਮਾਂ ਜਾਂ ਕਦਮਾਂ ਨੂੰ ਰੋਕਣ ਲਈ ਲੋੜੀਂਦੇ ਕਾਨੂੰਨ ਸਮੇਤ ਯੋਗ ਪ੍ਰਬੰਧ ਕਰੇ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਰਾਜ ਦੇ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਦਸਵੀਂ ਜਮਾਤ ਤਕ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਉਣ ਲਈ ਜ਼ਰੂਰੀ ਕਦਮ ਚੁੱਕੇ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਪੰਜਾਬ ਦੀਆਂ ਅਦਾਲਤਾਂ ਵਿੱਚ ਫੈਸਲੇ ਪੰਜਾਬੀ ਵਿੱਚ ਵੀ ਜਾਰੀ ਕੀਤੇ ਜਾਣ।

ਇਹ ਸਦਨ ਇਹ ਵੀ ਸਿਫ਼ਾਰਸ਼ ਕਰਦਾ ਹੈ ਕਿ ਪੰਜਾਬ ਸਰਕਾਰ ਚੰਡੀਗੜ੍ਹ ਦੇ ਵਿੱਚ ਵੀ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਲਈ ਉਪਰਾਲੇ ਕਰੇ।"

ਨਿਮਨਲਿਖਤ ਮੈਂਬਰ ਸਾਹਿਬਾਨ ਨੇ ਮਤੇ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਸ਼ਰਨਜੀਤ ਸਿੰਘ ਢਿਲੋਂ, ਸ਼੍ਰੋਮਣੀ ਅਕਾਲੀ ਦਲ | 01 ਮਿੰਟ |
| 2. | ਸਰਦਾਰ ਗੁਰਕੀਰਤ ਸਿੰਘ ਕੋਟਲੀ, ਇੰਡੀਅਨ ਨੈਸ਼ਨਲ ਕਾਂਗਰਸ | 04 ਮਿੰਟ |
| 3. | ਸਰਦਾਰ ਸਿਮਰਜੀਤ ਸਿੰਘ ਬੈਂਸ, ਲੋਕ ਇਨਸਾਫ਼ ਪਾਰਟੀ | 06 ਮਿੰਟ |
| 4. | ਸਰਦਾਰ ਕੁਲਤਾਰ ਸਿੰਘ ਸੰਧਵਾਂ, ਆਮ ਆਦਮੀ ਪਾਰਟੀ | 04 ਮਿੰਟ |
| 5. | ਸਰਦਾਰ ਹਰਪਾਲ ਸਿੰਘ ਚੀਮਾ, ਵਿਰੋਧੀ ਧਿਰ ਦੇ ਨੇਤਾ | 02 ਮਿੰਟ |
| 6. | ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸ਼੍ਰੋਮਣੀ ਅਕਾਲੀ ਦਲ | 04 ਮਿੰਟ |

10. <u>ਸਾਲ 2020-21 ਲਈ ਬਜਟ ਅਨੁਮਾਨ</u>

<u>ਸਾਲ 2020-21 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਆਰੰਭ ਕਰਨਾ</u>

ਨਿਮਨਲਿਖਤ ਮੈਂਬਰਾਂ ਨੇ ਬਹਿਸ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸ਼੍ਰੀ ਬੁੱਧ ਰਾਮ, ਆਮ ਆਦਮੀ ਪਾਰਟੀ | 15 ਮਿੰਟ |
| 2. | ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੋਮਣੀ ਅਕਾਲੀ ਦਲ | 24 ਮਿੰਟ |
| 3. | ਸਰਦਾਰ ਕੁਲਜੀਤ ਸਿੰਘ ਨਾਗਰਾ, ਸਲਾਹਕਾਰ/ਮੁੱਖ ਮੰਤਰੀ | 27 ਮਿੰਟ |
| 4. | ਸ਼੍ਰੀ ਅਰੁਣ ਨਾਰੰਗ, ਭਾਰਤੀ ਜਨਤਾ ਪਾਰਟੀ | 03 ਮਿੰਟ |
| 5. | ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਆਮ ਆਦਮੀ ਪਾਰਟੀ | 05 ਮਿੰਟ |
| 6. | ਸਰਦਾਰ ਲਖਵੀਰ ਸਿੰਘ ਲੱਖਾ, ਇੰਡੀਅਨ ਨੈਸ਼ਨਲ ਕਾਂਗਰਸ | 06 ਮਿੰਟ |
| 7. | ਸਰਦਾਰ ਸੁਰਜੀਤ ਸਿੰਘ ਧੀਮਾਨ, ਇੰਡੀਅਨ ਨੈਸ਼ਨਲ ਕਾਂਗਰਸ | 12 ਮਿੰਟ |

ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ 4.07 ਵਜੇ ਸ਼ਾਮ ਤੋਂ 4.10 ਵਜੇ ਸ਼ਾਮ ਤੱਕ ਅਤੇ ਮਾਨਯੋਗ ਡਿਪਟੀ ਸਪੀਕਰ ਨੇ 04.10 ਵਜੇ ਸ਼ਾਮ ਤੋਂ 6.30 ਵਜੇ ਸ਼ਾਮ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਮੰਗਲਵਾਰ ਮਿਤੀ 03 ਮਾਰਚ, 2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ;
02 ਮਾਰਚ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।